ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਕੰਪਲੈਕਸ:ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ

(ਸਪੋਰਟਸ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈਸਿ)

ਪੰਜਾਬ।

ਮੀਮੋ ਨੰਬਰ ਈ ਮਿਸਲ 816993/ਸਪੋਰਟਸ/2025/279829

ਮਿਤੀ-19-09-2025

ਵਿਸ਼ਾ- **PM SHRI ਸਕੀਮ ਤਹਿਤ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਲਈ ਸਾਲ 2025-2026 ਦੌਰਾਨ ਜਾਰੀ ਗ੍ਰਾਂਟ ਨੂੰ ਖਰਚ ਕਰਨ ਸਬੰਧੀ ਦਿਸ਼ਾ ਨਿਰਦੇਸ਼।**

ਉਪਰੋਕਤ ਵਿਸ਼ੇ ਸਬੰਧੀ PM SHRI ਸਕੀਮ ਤਹਿਤ ਸਾਲ 2025-2026 ਦੌਰਾਨ ਭਾਰਤ ਸਰਕਾਰ ਵੱਲੋਂ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਅਧੀਨ 356 ਸਕੂਲਾਂ ਨੂੰ ਯੋਗ ਟੀਚਰ/ਕੋਚ ਰੱਖਣ ਲਈ, ਖੇਡਾਂ ਦਾ ਸਮਾਨ ਖਰੀਦਣ ਲਈ ਅਤੇ 99 ਸਕੂਲਾਂ ਨੂੰ ਖੇਡ ਮੈਦਾਨ ਤਿਆਰ ਕਰਨ ਲਈ ਹੇਠ ਲਿਖੇ ਅਨੁਸਾਰ ਗਰਾਂਟ ਜਾਰੀ ਕੀਤੀ ਜਾ ਰਹੀ ਹੈ-

| Sr. No | Name of Activities | Unit Cost(in Lac) | Total Number of Schools | Total Grant (In Lakhs) |
|---|---|---|---|---|
| 1 | Engagement of Yoga/Sports Teacher/Coaches | 1.0 | 356 | 356 |
| 2 | Sports Equipment | 0.5 | 356 | 178 |
| 3 | Development of Playgrounds/outdoor/Indoor Game Facilities | 5.0 | 99 | 495 |

ਹਰੇਕ ਸਕੂਲ ਵੱਲੋਂ ਖੇਡ ਮੈਦਾਨ ਤਿਆਰ ਕਰਨ ,ਖੇਡਾਂ ਨਾਲ ਸਬੰਧਤ ਸਮਾਨ ਖਰੀਦ ਕਰਨ ਸਮੇਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨਾ ਲਾਜਮੀ ਹੋਵੇਗਾ:-

1 PM SHRI ਸਕੀਮ ਤਹਿਤ ਜਾਰੀ ਗ੍ਰਾਂਟ ਸਕੂਲ ਮੁਖੀ ਵਲੋਂ ਭਾਰਤ ਸਰਕਾਰ ਦੇ ਵਿੱਤੀ ਨਿਯਮਾਂ ਅਨੁਸਾਰ ਖਰਚ ਕੀਤੀ ਜਾਵੇਗੀ।

2) ਸਕੂਲ ਵੱਲੋਂ 05 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਹੇਠ ਲਿਖੇ ਮੈਂਬਰ ਹੋਣਗੇ:

(ੳ) ਸਕੂਲ ਮੁੱਖੀ

(ਅ) ਦੋ ਮੈਂਬਰ SMC.

(ੲ) ਦੋ ਸਕੂਲ ਦੇ ਅਧਿਆਪਕ

ਜਿਸ ਸਕੂਲ ਵਿੱਚ ਸਰੀਰਕ ਸਿੱਖਿਆ ਅਧਿਆਪਕ ਮੌਜੂਦ ਹੈ, ਉਸਨੂੰ ਕਮੇਟੀ ਵਿੱਚ ਬਤੌਰ ਮੈਂਬਰ ਸਾਮਿਲ ਕਰਨਾ ਯਕੀਨੀ ਬਣਾਇਆ ਜਾਵੇ।

3) ਖੇਡ ਮੈਦਾਨ ਤਿਆਰ ਕਰਵਾਉਣ ਤੋਂ ਪਹਿਲਾਂ, ਤਿਆਰ ਹੁੰਦੇ ਦੌਰਾਨ ਅਤੇ ਕੰਮ ਮੁਕੰਮਲ ਹੋਣ ਤੋਂ ਬਾਅਦ ਖੇਡ ਮੈਦਾਨ ਦੀਆਂ ਤਸਵੀਰਾਂ ਲਈਆਂ ਜਾਣ ਅਤੇ ਉਸਦਾ ਮੁਕੰਮਲ ਰਿਕਾਰਡ ਸਕੂਲ ਵਿੱਚ ਰੱਖਿਆ ਜਾਵੇ।

Scanned with OKEN Scanner

4) ਸਰਕਾਰ ਵਲੋਂ ਜੋ ਗਰਾਂਟ ਕੇਵਲ ਖੇਡ ਮੈਦਾਨ ਤਿਆਰ ਕਰਨ ਅਤੇ ਖੇਡ ਸਮਾਨ ਖਰੀਦਣ ਲਈ ਦਿੱਤੀ ਗਈ ਹੈ, ਉਸ ਗਰਾਂਟ ਨੂੰ ਸਿਰਫ ਉਸੇ ਮੰਤਵ ਲਈ ਹੀ ਖਰਚਿਆ ਜਾਵੇ।

5) ਆਪ ਨੂੰ ਇਸ ਮੱਦ ਤਹਿਤ ਗਰਾਂਟ ਜਾਰੀ ਕੀਤੀ ਜਾ ਰਹੀ ਹੈ, ਗਰਾਂਟ ਪ੍ਰਾਪਤ ਹੋਣ ਤੱਕ SMC ਦੀ ਮੀਟਿੰਗ ਅਤੇ ਸਮਾਨ ਦੀ ਖਰੀਦ ਲਈ ਮਾਰਕੀਟ ਸਰਵੇ ਕਰ ਲਿਆ ਜਾਵੇ। ਗਰਾਂਟ ਪ੍ਰਾਪਤ ਹੋਣ ਤੇ ਤੁਰੰਤ ਕੰਮ ਸ਼ੁਰੂ ਕਰ ਦਿੱਤਾ ਜਾਵੇ।

6) ਸਮਾਨ ਖਰੀਦ ਕਰਨ ਉਪਰੰਤ ਖਰੀਦ ਕੀਤੇ ਗਏ ਸਮਾਨ ਦਾ ਇੰਦਰਾਜ ਸਕੂਲ ਦੇ ਸਟਾਕ ਰਜਿਸਟਰ ਵਿੱਚ ਕੀਤਾ ਜਾਵੇ ਅਤੇ ਖਰਚ ਕੀਤੀ ਗਰਾਂਟ ਦੀ ਐਂਟਰੀ ਪ੍ਰਬੰਧ ਪੋਰਟਲ ਤੇ ਕਰਨੀ ਯਕੀਨੀ ਬਣਾਈ ਜਾਵੇ।

7) ਖਰੀਦ ਕਰਨ ਉਪਰੰਤ ਖਰੀਦੇ ਗਏ ਸਮਾਨ ਦਾ ਵਰਤੋਂ ਸਰਟੀਫਿਕੇਟ ਸਕੂਲ ਮੁਖੀ ਵਲੋਂ ਜਿਲ੍ਹਾ ਸਿੱਖਿਆ ਅਫਸਰ(ਸੈਸਿ)/(ਐਸਿ) ਨੂੰ ਭੇਜਿਆ ਜਾਵੇਗਾ।

8) ਖੇਡ ਮੈਦਾਨ ਵਿਕਸਿਤ ਕਰਨ /ਖੇਡ ਸਮਾਨ ਖਰੀਦਣ ਵੇਲੇ ਬੱਚਿਆਂ ਦੀ ਉਮਰ , ਲਿੰਗ ( ਲੜਕੇ / ਲੜਕੀਆਂ ਦੀ ਵਰਤੋਂ ਵਿੱਚ ਆਉਣ ਵਾਲੇ ) ਦਾ ਵਿਸੇਸ਼ ਧਿਆਨ ਰੱਖਿਆ ਜਾਵੇ ।

9) ਖੇਡ ਮੈਦਾਨ ਵਿਕਸਿਤ ਕਰਨ / ਖੇਡ ਸਮਾਨ ਦੀ ਖਰੀਦ ਬੱਚਿਆਂ ਦੀ ਗਿਣਤੀ ਅਨੁਸਾਰ ਹੀ ਕੀਤੀ ਜਾਵੇ।

ਜੇਕਰ ਕੋਈ ਸਕੂਲ ਮੁੱਖੀ ਨਿਯਮਾ ਅਨੁਸਾਰ ਸਮਾਨ ਦੀ ਖਰੀਦ ਨਹੀਂ ਕਰੇਗਾ ਤਾਂ ਉਸ ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ । ਵਿਭਾਗ ਦੀਆਂ ਟੀਮਾਂ ਉਕਤ ਖਰੀਦ ਦੀ ਮਾਨੀਟਰਿੰਗ ਕਰਨਗੀਆਂ ।

ਡਿਪਟੀ ਡਾਇਰੈਕਟਰ(ਫਿਜ਼ੀਕਲ ਐਜੂਕੇਸ਼ਨ)

ਮਿਤੀ 19-09-2025

ਪਿੱਠ ਅੰਕਣ ਨੰਬਰ ਉਕਤ

ਉਕਤ ਦਾ ਉਤਾਰਾ ਸਮੂਹ ਜਿਲ੍ਹਾ ਸਪੋਰਟਸ ਕੋਆਰਡੀਨੇਟਰ/ਡੀ.ਐਮ ਸਪੋਰਟਸ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਆਪਦੇ ਜਿਲ੍ਹਿਆਂ ਵਿੱਚ ਇਸ ਗਰਾਂਟ ਦੀ ਵਰਤੋਂ ਨਿਯਮਾ ਅਨੁਸਾਰ ਸਮੇਂ ਸਿਰ ਕਰਨੀ ਯਕੀਨੀ ਬਣਾਈ ਜਾਵੇ।

ਡਿਪਟੀ ਡਾਇਰੈਕਟਰ(ਫਿਜ਼ੀਕਲ ਐਜੂਕੇਸ਼ਨ)

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਬਠਿੰਡਾ**

ਪੱਤਰ ਨੰਬਰ:- ਜਿਲ੍ਹਾ ਸਪੋਰਟਸ ਕੋਆਰਡੀਨੇਟਰ/ 490 ਮਿਤੀ :- 25-09-2025

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

25/09/25

ਜਿਲ੍ਹਾ ਸਿੱਖਿਆ ਅਫਸਰ (ਸੈ,ਸਿੱ)
ਉ.ਸਿੱਖ ਬਠਿੰਡਾ

Scanned with OKEN Scanner